I/306783/2022

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,ਪੰਜਾਬ,
ਚੰਡੀਗੜ੍ਹ।

ਮਿਤੀ,ਚੰਡੀਗੜ੍ਹ: 17/01/2022

ਵਿਸ਼ਾ:- ਪੀ.ਜੀ.ਆਈ. ਚੰਡੀਗੜ੍ਹ ਵਿਖੇ ਪੀ.ਜ਼ੀ. ਕੋਰਸ ਕਰਨ ਲਈ ਚੋਣ ਹੋਣ ਉਪਰੰਤ ਫਾਰਮਲ ਐਨ.ਓ.ਸੀ. ਜਾਰੀ ਕਰਨ ਬਾਰੇ- ਡਾਕਟਰ ਅਭਿਤੋਜ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 420/ਐਸ.ਸੀ. (ਆਰ.ਐਡ.ਓ)/2014, ਪੀ.ਐਚ.ਸੀ ਮੰਡ ਮੰਡੇਰ, ਜਿਲ੍ਹਾ ਹੁਸ਼ਿਆਰਪੁਰ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ:ਈ 2(1)-ਪੰ:2022/96 ਮਿਤੀ 12.01.2022 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਡ.ਸ.ਪ.ਭ. ਪਾਸੋਂ ਪ੍ਰਾਪਤ ਤਜਵੀਜ ਅਤੇ ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਦੇ ਪੱਤਰ ਮਿਤੀ 23.12.2021 ਦੇ ਸਨਮੁੱਖ ਵਿਸ਼ਾ ਅੰਕਿਤ ਡਾਕਟਰ ਦੀ ਪੀ.ਜੀ. ਕੋਰਸ ਕਰਨ ਲਈ ਚੋਣ ਹੋਣ ਕਾਰਨ ਰਲੀਵ ਕਰਨ ਲਈ ਫਾਰਮਲ ਐਨ.ਓ.ਸੀ. ਡਾਕਟਰ ਨੂੰ ਪਹਿਲਾਂ ਪੱਤਰ ਮਿਤੀ 12.11.2021 ਰਾਹੀ ਜਾਰੀ ਕੀਤੇ ਪ੍ਰੋਵੀਜਨਲ ਐਨ.ਓ.ਸੀ. ਵਿੱਚ ਦਰਜ ਸ਼ਰਤਾਂ ਤੇ ਅਧਾਰਿਤ ਹੋਵੇਗਾ।

| ਲੜੀ ਨੰ: | ਡਾਕਟਰ ਦਾ ਨਾਮ, ਸੇਵਾ ਨੰ: ਅਤੇ ਮੌਜੂਦਾ ਪੋਸਟਿੰਗ | ਸਪੈਸ਼ਲਿਟੀ | ਸਰਕਾਰੀ ਮੈਡੀਕਲ ਕਾਲਜ ਦਾ ਨਾਮ ਜਿੱਥੇ ਸੀਟ ਮਿਲੀ ਹੈ | ਸਰਕਾਰ/ਡ:ਸ:ਪ;ਭ ਦੇ ਜਿਸ ਪੱਤਰ ਨਾਲ ਪਹਿਲਾਂ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਗਿਆ ਹੈ। | ਕਿਸ ਕੈਟਾਗਰੀ ਵਿੱਚ ਪਹਿਲਾਂ ਐਨ.ਓ.ਸੀ. ਜਾਰੀ ਕੀਤਾ ਗਿਆ ਹੈ |
|---|---|---|---|---|---|
| 1 | 2 | 3 | 4 | 5 | 6 |
| 1. | ਡਾਕਟਰ ਅਭਿਤੋਜ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 420/ਐਸ.ਸੀ. (ਆਰ.ਐਡ.ਓ) /2014, ਪੀ.ਐਚ.ਸੀ ਮੰਡ ਮੰਡੇਰ, ਜਿਲ੍ਹਾ ਹੁਸ਼ਿਆਰਪੁਰ | PEDIATRICS | ਪੀ.ਜੀ.ਆਈ. ਚੰਡੀਗੜ੍ਹ | HFW-HLH2026A/8/2021 - 6H2/6717 ਮਿਤੀ 12.11.2021 | ਸਪਾਂਸਰਡ ਕੈਟਾਗਰੀ |

ਸ਼ਰਤਾਂ:-

(1) ਉਕਤ ਡਾਕਟਰ ਨੂੰ ਰਲੀਵ ਕਰਨ ਤੋਂ ਪਹਿਲਾਂ ਸਰਕਾਰ ਵੱਲੋਂ ਪਹਿਲਾਂ ਮਿਤੀ 12.11.2021 ਨੂੰ ਜਾਰੀ ਕੀਤੇ ਪ੍ਰੋਵੀਜਨਲ ਐਨ.ਓ.ਸੀ. ਵਿੱਚ ਦਰਸਾਈਆਂ ਗਈਆਂ ਹਦਾਇਤਾਂ ਵਿੱਚ ਦਰਜ ਸ਼ਰਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

(2) ਸਬੰਧਤ ਸਿਵਲ ਸਰਜਨ/ਮੈਡੀਕਲ ਸੁਪਰਡੰਟ/ਐਸ.ਐਮ.ਓ ਵੱਲੋਂ ਉਕਤ ਡਾਕਟਰ ਨੂੰ ਰਲੀਵ ਕਰਨ ਤੋਂ ਪਹਿਲਾਂ ਉਸ ਪਾਸੋਂ ਬਣਦਾ ਸ਼ੋਰਟੀ ਬਾਂਡ ਪ੍ਰਾਪਤ ਕਰਨ ਉਪਰੰਤ ਡਾਕਟਰ ਅਤੇ ਉਸਦੀ ਸ਼ੋਰਟੀ ਪਾਉਣ ਵਾਲੇ ਅਧਿਕਾਰੀ ਦੀਆਂ ਸੇਵਾ ਪੱਤਰੀਆਂ ਵਿੱਚ ਲੋੜੀਂਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

3. ਸਰਕਾਰ ਵੱਲੋਂ ਜਾਰੀ ਅਧਿਸੂਚਨਾ ਨੰ: 26/142/18-2ਸਿ2/1509055/1-3 ਮਿਤੀ 25.6.2019 ਦੇ ਸਨਮੁੱਖ ਪੀ.ਜੀ. ਪੜ੍ਹਾਈ ਲਈ ਸਪਾਂਸਰ ਕੀਤੇ ਜਾ ਰਹੇ ਮੈਡੀਕਲ ਅਫਸਰ ਨੂੰ ਐਨ.ਪੀ.ਏ. ਨਹੀਂ ਦਿੱਤਾ ਜਾਵੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ.ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਮਿਤੀ,ਚੰਡੀਗੜ੍ਹ: 17/01/2022

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਰਜਿਸਟਰਾਰ, ਪੀ.ਜੀ.ਆਈ.ਐਮ੍.ਈ.ਆਰ.,ਚੰਡੀਗੜ੍ਹ।
2. ਸਬੰਧਤ ਸਿਵਲ ਸਰਜਨ(ਵੈਬਸਾਈਟ ਰਾਹੀ https://health.punjab.gov.in)
3. ਸਬੰਧਤ ਸੀਨੀਅਰ ਮੈਡੀਕਲ ਅਫਸਰ(ਵੈਬਸਾਈਟ ਰਾਹੀ https://health.punjab.gov.in)।
4. ਸਬੰਧਤ ਡਾਕਟਰ (ਵੈਬਸਾਈਟ ਰਾਹੀ https://health.punjab.gov.in)।

ਸੁਪਰਡੰਟ